# Washington State On-Farm Readiness Reviews

Food Safety Modernization Act (FSMA, ਫੂਡ ਸੇਫਟੀ ਮਾਡਰਨਾਈਜ਼ੇਸ਼ਨ ਐਕਟ) ਦੇ Produce Safety Rule (ਉਪਜ ਸੁਰੱਖਿਆ ਨਿਯਮ) ਦੀ ਪਾਲਣਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, Washington State Department of Agriculture (WSDA, ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਐਗਰੀਕਲਚਰ) ਫਾਰਮ ਉੱਤੇ ਆ ਕੇ ਮੁਫ਼ਤ ਵਿੱਚ ਸਿੱਖਿਆ ਦੇ ਉਦੇਸ਼ ਲਈ ਮੁਲਾਂਕਣ ਪ੍ਰਦਾਨ ਕਰਨ ਦੀ ਪੇਸ਼ਕਸ਼ ਕਰ ਰਿਹਾ ਹੈ।

On-Farm Readiness Reviews (OFRR, ਆਨ-ਫਾਰਮ ਰੈਡੀਨੇਸ ਰੀਵਿਊ) ਯਾਨੀ ਕੀ ਫਾਰਮ ਉੱਤੇ ਤਿਆਰੀ ਦੀ ਸਮੀਖਿਆ ਗੈਰ-ਨਿਯਮਬੱਧ ਅਤੇ ਸਵੈਇੱਛਤ ਹੈ। ਸਿਖਲਾਈ ਪ੍ਰਾਪਤ WSDA ਸਟਾਫ਼ ਤੁਹਾਡੇ ਫਾਰਮ ਦਾ ਦੌਰਾ ਕਰੇਗਾ ਅਤੇ ਮੁਲਾਂਕਣ ਕਰੇਗਾ ਕਿ ਤੁਹਾਡੇ ਵੱਲੋਂ ਵਰਤੇ ਜਾਣ ਵਾਲੇ ਉਪਜ ਸੁਰੱਖਿਆ ਅਭਿਆਸ, Produce Safety Rule (PSR) ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਜਾਂ ਨਹੀਂ, ਅਤੇ ਨਾਲ ਹੀ ਉਹ ਤੁਹਾਨੂੰ ਉਪਜ ਦੀ ਸੁਰੱਖਿਆ ਦੇ ਨਿਰੀਖਣ ਲਈ ਤਿਆਰ ਕਰੇਗਾ।

## OFRR **ਹਰ ਵਿਅਕਤੀ ਲਈ ਅਲੱਗ ਹੁੰਦਾ ਹੈ।**

ਹਰ ਫਾਰਮ ਵੱਖਰਾ ਹੁੰਦਾ ਹੈ, ਇਸਦਾ ਮਤਲਬ ਹੈ ਕਿ ਉਪਜ ਸੁਰੱਖਿਆ ਦੇ ਜੋਖਮ ਵੀ ਵੱਖੋ-ਵੱਖਰੇ ਹੋਣਗੇ। OFRR ਦੇ ਨਤੀਜਿਆਂ ਨੂੰ ਤੁਹਾਡੇ ਫਾਰਮ ਦੀਆਂ ਲੋੜਾਂ ਅਨੁਸਾਰ ਢਾਲਿਆ ਜਾਂਦਾ ਹੈ। OFRR ਸਮੀਖਿਅਕਾਂ ਨੂੰ ਵਰਤੇ ਜਾ ਰਹੇ ਅਭਿਆਸਾਂ ਨੂੰ ਦੇਖਣ ਅਤੇ ਲੋੜ ਮੁਤਾਬਕ ਸੁਝਾਅ ਦੇਣ ਦਾ ਮੌਕਾ ਦਿੰਦਾ ਹੈ। ਸਮੀਖਿਆਵਾਂ, ਵਾਢੀ ਦੇ ਸਮੇਂ ਦੇ ਜਿੰਨਾ ਸੰਭਵ ਹੋ ਸਕੇ ਉੰਨਾਂ ਨੇੜੇ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਹ ਲਗਭਗ 2 ਘੰਟੇ ਤੱਕ ਚੱਲਦੀਆਂ ਹਨ।



ਸਟਾਫ਼ ਦੇ ਦੌਰੇ ਦੇ ਦੌਰਾਨ, ਤੁਸੀਂ ਉਹਨਾਂ ਕੋਲੋਂ ਭੋਜਨ ਦੀ ਸੁਰੱਖਿਆ ਬਾਰੇ ਖਾਸ ਸਵਾਲ ਪੁੱਛ ਸਕਦੇ ਹੋ।

## OFRR **ਨਿਯਮਬੱਧ ਨਹੀਂ ਹੈ।**

OFRR ਸਿੱਖਿਆ ਦੇ ਉਦੇਸ਼ ਲਈ ਮੁਲਾਂਕਣ ਹੈ, ਇਹ ਕੋਈ ਨਿਰੀਖਣ ਜਾਂ ਆਡਿਟ ਨਹੀਂ ਹੈ। ਇਸਦਾ ਉਦੇਸ਼ ਉਪਜ ਦੀ ਸੁਰੱਖਿਆ ਲਈ ਸੁਧਾਰ ਦੇ ਖੇਤਰਾਂ ਦੀ ਪਛਾਣ ਕਰਨਾ ਅਤੇ ਤੁਹਾਡੇ ਫਾਰਮ ਨੂੰ ਅਸਲ ਨਿਰੀਖਣ ਲਈ ਤਿਆਰ ਕਰਨਾ ਹੈ।



OFRR ਮੁਲਾਂਕਣ ਖੇਤੀਬਾੜੀ ਦਾ ਇੱਕ ਉੱਚ-ਪੱਧਰੀ ਨਿਰੀਖਣ ਹੈ ਜੋ ਕਿ ਰਸਮੀ ਰਿਕਾਰਡ ਸਮੀਖਿਆ ਦੇ ਬਿਨਾਂ ਖੇਤੀ ਦੇ ਕਾਰਜਾਂ 'ਤੇ ਕੇਂਦਰਿਤ ਹੁੰਦਾ ਹੈ। ਜੇਕਰ ਤੁਸੀਂ ਕਹੋਗੇ ਤਾਂ WSDA ਰਿਕਾਰਡ ਦੀ ਸਮੀਖਿਆ ਕਰ ਸਕਦਾ ਹੈ ਅਤੇ ਰਿਕਾਰਡਕੀਪਿੰਗ ਸਵਾਲਾਂ ਦੇ ਜਵਾਬ ਦੇ ਸਕਦਾ ਹੈ। ਮੁਲਾਂਕਣ ਤੁਹਾਨੂੰ ਇਸ ਗੱਲ ਬਾਰੇ ਬਿਹਤਰ ਜਾਣਕਾਰੀ ਦੇਵੇਗਾ ਕਿ ਰੁਟੀਨ ਨਿਰੀਖਣ ਵਿੱਚ ਕੀ ਉਮੀਦ ਕੀਤੀ ਜਾ ਸਕਦੀ ਹੈ।

ਜੇਕਰ ਸਮੀਖਿਆ ਕਰਨ ਵਾਲੇ ਨੂੰ ਕੋਈ ਗੰਭੀਰ, ਮਹੱਤਵਪੂਰਨ ਸਥਿਤੀ ਦੇਖਣ ਨੂੰ ਮਿਲਦੀ ਹੈ ਜੋ ਕਿ ਜਨਤਕ ਸਿਹਤ ਲਈ ਖਤਰੇ ਦਾ ਕਾਰਨ ਬਣ ਸਕਦੀ ਹੈ, ਤਾਂ ਸਮੀਖਿਅਕ ਮੌਕੇ ਉੱਤੇ ਸੁਧਾਰਾਤਮਕ ਕਾਰਵਾਈ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ। ਜਦੋਂ ਤੱਕ ਉਤਪਾਦ ਮਾਰਕੀਟ ਵਿੱਚ ਆ ਨਹੀਂ ਜਾਂਦਾ ਅਤੇ ਸਮੱਸਿਆ ਨੂੰ ਤੁਰੰਤ ਹੱਲ ਨਹੀਂ ਕਰ ਲਿਆ ਜਾਂਦਾ, ਉਦੋਂ ਤੱਕ ਸਮੀਖਿਅਕਾਂ ਵੱਲੋਂ ਕੋਈ ਵੀ ਰੈਗੂਲੇਟਰੀ ਕਾਰਵਾਈ ਨਹੀਂ ਕੀਤੀ ਜਾਵੇਗੀ ਜਾਂ Food and Drug Administration (FDA, ਫੂਡ-ਐਡ ਡਰੱਗ ਐਡਮਨਿਸਟ੍ਰੇਸ਼ਨ) ਜਾਂ ਕਿਸੇ ਹੋਰ ਰੈਗੂਲੇਟਰੀ ਏਜੰਸੀ ਨੂੰ ਸੂਚਿਤ ਨਹੀਂ ਕੀਤਾ ਜਾਵੇਗਾ।

## OFRR ਮੁਫ਼ਤ ਹੈ।

OFRR ਨੂੰ FDA ਨਾਲ ਸਹਿਕਾਰੀ ਸਮਝੌਤੇ ਰਾਹੀਂ ਫੈਡਰਲ ਸਰਕਾਰ ਦੁਆਰਾ ਫੰਡ ਕੀਤਾ ਜਾਂਦਾ ਹੈ, ਇਸ ਲਈ ਕਿਸਾਨਾਂ ਨੂੰ ਇਸਦੀ ਕੋਈ ਲਾਗਤ ਨਹੀਂ ਪੈਂਦੀ ਹੈ। ਤੁਹਾਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ OFRR ਨਿਯਤ ਕਰਨ ਤੋਂ ਪਹਿਲਾਂ FDA ਵੱਲੋਂ ਮਾਨਤਾ ਪ੍ਰਾਪਤ Produce Safety Alliance (PSA, ਪ੍ਰੋਡਿਊਸ ਸੇਫਟੀ ਅਲਾਇੰਸ) Grower Training (ਗਰੋਵਰ ਟਰੇਨਿੰਗ) ਵਿੱਚ ਸ਼ਾਮਲ ਹੋਵੋ। PSA Grower Training, ਨਿਯਮਾਂ ਅਤੇ ਆਮ Good Agricultural Practices (ਚੰਗੇ ਖੇਤੀਬਾੜੀ ਅਭਿਆਸਾਂ) ਦੀ ਇੱਕ ਬੁਨਿਆਦੀ ਸਮਝ ਪ੍ਰਦਾਨ ਕਰਦੀ ਹੈ ਜਿਸ ਨਾਲ ਸਮੀਖਿਆ ਦੀ ਪ੍ਰਕਿਰਿਆ ਵਿੱਚ ਸਹਾਇਤਾ ਮਿਲੇਗੀ।

PSA ਟਰੇਨਿੰਗ ਬਾਰੇ ਹੋਰ ਜਾਣਕਾਰੀ ਲਈ ਇੱਥੇ ਜਾਓ:
*producesafetyalliance.cornell.edu* ਜਾਂ *foodsafety.wsu.edu*




*ਇਹ ਪ੍ਰਕਾਸ਼ਨ U.S. Food and Drug Administration ਫੰਡਿੰਗ ਪ੍ਰੋਗਰਾਮ PAR-16-137 ਦੇ ਗ੍ਰਾਂਟ ਨੰਬਰ U18FD005913 ਦੁਆਰਾ ਸੰਭਵ ਹੋਇਆ ਹੈ। ਇਸਦੀ ਸਮੱਗਰੀ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਲੇਖਕਾਂ ਦੀ ਹੈ ਅਤੇ ਜ਼ਰੂਰੀ ਨਹੀਂ ਹੈ ਕਿ ਇਹ FDA ਦੇ ਅਧਿਕਾਰਤ ਵਿਚਾਰਾਂ ਦੀ ਨੁਮਾਇੰਦਗੀ ਕਰਦੀ ਹੋਵੇ।*



## OFRR ਲਈ ਬੇਨਤੀ ਕਿਵੇਂ ਕਰਨੀ ਹੈ

ਤੁਹਾਡੇ ਫਾਰਮ ਦੀ ਕਿਸਮ ਜਾਂ ਆਕਾਰ ਭਾਵੇਂ ਕੋਈ ਵੀ ਹੋਵੇ, ਤੁਸੀਂ OFRR ਦੀ ਸੇਵਾ ਲੈ ਸਕਦੇ ਹੋ। ਤੁਹਾਨੂੰ ਦੱਸ ਦਈਏ ਕਿ OFRR ਕਵਰ ਕੀਤੇ ਗਏ ਫਾਰਮਾਂ ਦੇ ਲਈ ਰੁਟੀਨ ਨਿਰੀਖਣ ਦੀ ਥਾਂ ਨਹੀਂ ਲੈਂਦਾ ਹੈ ਕਿਉਂਕਿ ਉਹਨਾਂ ਨੂੰ ਨਿਯਮ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ, ਪਰ ਜੇ ਨਿਰੀਖਣ ਪ੍ਰਕਿਰਿਆ ਤੁਹਾਡੇ ਲਈ ਨਵੀਂ ਹੈ ਜਾਂ ਨਿਰੀਖਣ ਕਿਵੇਂ ਹੁੰਦਾ ਹੈ ਇਸ ਬਾਰੇ ਕਿਸੇ ਸੰਕੋਚ ਵਿੱਚ ਹੋ ਤਾਂ OFRR ਤੁਹਾਡੇ ਕੰਮ ਆ ਸਕਦਾ ਹੈ। WSDA ਇਹ ਫੈਸਲਾ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ ਕਿ OFRR ਤੁਹਾਡੇ ਫਾਰਮ ਲਈ ਇੱਕ ਚੰਗਾ ਵਿਕਲਪ ਹੈ ਜਾਂ ਨਹੀਂ।

**ਸਾਡੇ ਨਾਲ ਅੱਜ ਹੀ ਸੰਪਰਕ ਕਰੋ**
*producesafety@agr.wa.gov*
ਜਾਂ 360-902-1848